# ਰੁੱਖ ਦੀ ਸਿਹਤ: ਤੂਫਾਨ, ਬਿਮਾਰੀਆਂ ਅਤੇ ਕੀੜੇ।

## ਤੂਫਾਨ ਨਾਲ ਨੁਕਸਾਨ

ਕੈਲਗਰੀ ਵਿੱਚ ਬਰਫਬਾਰੀ, ਤੇਜ਼ ਹਵਾਵਾਂ ਅਤੇ ਬਿਜਲੀ ਵਾਲੇ ਤੇਜ਼ ਤੂਫਾਨ ਅਤੇ ਗੜਿਆਂ ਦਾ ਮਾਹੌਲ ਸਾਲ ਭਰ ਬਣਿਆ ਰਹਿੰਦਾ ਹੈ। ਤੂਫਾਨ ਆਉਣ ਤੋਂ ਬਾਅਦ ਆਪਣੇ ਰੁੱਖਾਂ ਦੀ ਜਾਂਚ ਕਰਨ ਅਤੇ ਉਨ੍ਹਾਂ ਨੂੰ ਮੁੜ ਠੀਕ ਕਰਨ ਲਈ ਇਹ ਕਦਮ ਅਪਣਾਓ।

1. **ਆਪਣੇ ਹਰ ਰੁੱਖ ਨੂੰ ਦੇਖੋ।**
   ਮਿੱਟੀ ਵਿੱਚ ਹੋਈ ਕਿਸੇ ਗੜਬੜ, ਤਣੇ ਅਤੇ ਵੱਡੀਆਂ ਸ਼ਾਖਾਵਾਂ ਵਿੱਚ ਦਰਾਰਾਂ ਦੇਖਣ ਲਈ ਜਾਂਚ ਕਰੋ।

2. **ਸਾਵਧਾਨ ਰਹੋ।**
   ਕਿਸੇ ਖਤਰੇ ਨਾਲ ਰੁੱਖ ਦੀਆਂ ਟਾਹਣੀਆਂ ਨੂੰ ਹੋਏ ਜਾਂ ਹੋ ਸਕਣ ਵਾਲੇ ਨੁਕਸਾਨਾਂ ਦੀ ਜਾਂਚ ਕਰੋ।

3. **ਕੂੜੇ ਨੂੰ ਹਟਾਉਣ, ਤੁਹਾਡੇ ਨਸ਼ਟ ਹੋਏ ਰੁੱਖ ਦੇ ਮੁਲਾਂਕਣ** ਅਤੇ ਉੱਚਿਤ ਕਟਾਈ- ਛੰਗਾਈ ਵਿੱਚ ਮਦਦ ਲਈ ਇੱਕ ਆਈਐਸਏ ਪ੍ਰਮਾਣਿਤ ਆਰਬੋਰਿਸਟ ਨੂੰ ਕਾਲ ਕਰੋ।



ਪਤਝੜ ਦੇ ਰੁੱਖ ਦੀਆਂ ਟੁੱਟੀਆਂ ਟਾਹਣੀਆਂ

## ਬਿਮਾਰੀਆਂ

**ਰੁੱਖ ਦੀਆਂ ਕੁੱਝ ਬਿਮਾਰੀਆਂ ਦੇ ਉਦਾਹਰਨ:**



ਡੱਚ ਐਲਮ ਦੀਆਂ ਬਿਮਾਰੀਆਂ



ਫਾਇਰ ਬਲਾਈਟ



ਬਲੈਕ ਨੌਟ ਫੰਗਸ




ਬ੍ਰੋਨਜ਼ ਲੀਫ ਬਿਮਾਰੀ

17-00852782

# ਰੁੱਖ ਦੇ ਕੀੜੇ

**ਕਮਜ਼ੋਰ ਰੁੱਖ ਕੀੜਿਆਂ ਦਾ ਸ਼ਿਕਾਰ ਬਣ ਸਕਦੇ ਹਨ।**
ਰੁੱਖ ਨੂੰ ਕਮਜ਼ੋਰ ਕਰਨ ਵਾਲੇ ਤੱਤਾਂ ਵਿੱਚ ਸੋਕਾ, ਟੁੱਟੀਆਂ ਹੋਈਆਂ ਸ਼ਾਖਾਵਾਂ, ਤਣੇ ਵਿੱਚ ਦਰਾਰਾਂ ਅਤੇ ਜੜ੍ਹਾਂ ਦਾ ਬਹੁਤੇ ਪਾਣੀ ਵਿੱਚ ਡੁੱਬੇ ਰਹਿਣਾ ਸ਼ਾਮਲ ਹਨ। ਇਹ ਇੰਝ ਪ੍ਰਬੰਧਤ ਕੀਤਾ ਜਾ ਸਕਦਾ ਹੈ ਜੇਕਰ ਤੁਸੀਂ ਜਾਣਦੇ ਹੋਵੋ ਕਿ ਕੀ ਕਰਨਾ ਹੈ ਅਤੇ ਕਿੰਝ ਕਰਨਾ ਹੈ।



ਦਰਾਰ ਵਾਲਾ ਫੁੱਲਦਾਰ ਤਣਾ

ਕੀਟ:

**ਚਬਾਉਣ ਵਾਲੇ ਕੀਟ:**
ਪੌਦਿਆਂ ਦੇ ਟਿਸ਼ੂ ਜਿਵੇਂ ਕਿ ਪੱਤੇ, ਫੁੱਲ, ਕਲੀਆਂ, ਜੜ੍ਹਾਂ ਅਤੇ ਟਾਹਣੀਆਂ ਖਾਂਦੇ ਹਨ।


- ਐਸ਼ ਲੀਫ ਕੋਨ ਰੋਲਰ
- ਸੇਟਿਨ ਕੀਟ
- ਪੀਲੇ ਸਿਰ ਵਾਲੀ ਚੀੜ ਦੀ ਮੱਖੀ
- ਘੁਨ

**ਰਸ ਚੂਸਣ ਵਾਲੇ ਕੀਟ:**
ਮੂੰਹ ਨੂੰ ਰੁੱਖ ਦੇ ਟਿਸ਼ੂ ਵਿੱਚ ਪਾਉਂਦੇ ਹਨ ਅਤੇ ਜੂਸ ਪੀ ਕੇ ਪਲਦੇ ਹਨ।

- ਐਫੀਡਜ਼
- ਐਲਮ ਸਕੇਲ
- ਓਇਸਟਰਸ਼ੈੱਲ ਸਕੇਲ
- ਪਾਈਨ ਨੀਡਲ ਸਕੇਲ

**ਬੋਰਿੰਗ ਕੀਟ:**
ਇੱਕ ਜਵਾਨ ਕੀਟ ਦੇ ਤੌਰ 'ਤੇ ਰੁੱਖ ਦੀ ਛਿੱਲ ਦੇ ਹੇਠਾਂ ਖਾਉਣ ਲਈ ਸਮਾਂ ਬਿਤਾਉਂਦੇ ਹਨ।


- ਐਸ਼ ਬਾਰਕ ਬੀਟਲ
- ਬ੍ਰੋਨਜ਼ ਬਰਚ ਬੋਰਰ



ਪੀਲੇ ਸਿਰ ਵਾਲੀ ਚੀੜ ਦੀ ਮੱਖੀ



ਓਇਸਟਰਸ਼ੈੱਲ ਸਕੇਲ



ਐਸ਼ ਬਾਰਕ ਬੀਟਲ

**ਯਾਦ ਰੱਖੋ:** ਕੀਟ ਅਤੇ ਬਿਮਾਰੀਆਂ ਨੂੰ ਰੋਕਣ ਅਤੇ ਉਹਨਾਂ ਤੋਂ ਬਚਣ ਦਾ ਸਭ ਤੋਂ ਅਸਾਨ ਤਰੀਕਾ ਹੈ ਕਿ ਤੁਹਾਡੇ ਰੁੱਖਾਂ ਨੂੰ ਤੰਦਰੁਸਤ ਰੱਖਿਆ ਜਾਵੇ: ਚੰਗੀ ਤਰ੍ਹਾਂ ਪਾਣੀ ਦੇਣਾ, ਪੱਤੀਆਂ ਨੂੰ ਹਟਾਉਣਾ, ਲੋੜ ਪੈਣ 'ਤੇ ਕਟਾਈ-ਛੰਗਾਈ ਕਰਨਾ ਅਤੇ ਕੋਈ ਸ਼ੱਕ ਹੋਣ 'ਤੇ ਕਿਸੇ ਪੇਸ਼ੇਵਰ ਨੂੰ ਬੁਲਾਉਣਾ।

17-00852782